# ਦਫ਼ਤਰ ਜਿਲ੍ਹਾ ਮੈਜਿਸਟਰੇਟ,ਬਰਨਾਲਾ

(ਐਮ.ਏ.ਸ਼ਾਖਾ)

**ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਹੁਕਮ ਜਿਲ੍ਹਾ ਬਰਨਾਲਾ**

ਹੁਕਮ ਨੰ: 415 /ਐਮ.ਏ. ਮਿਤੀ: 06/09 /2018

**ਹੁਕਮ**

ਚੋਣ ਕਮਿਸ਼ਨ ਪੰਜਾਬ ਰਾਜ, ਚੰਡੀਗੜ੍ਹ ਵੱਲੋਂ ਘੋਸ਼ਿਤ ਕੀਤੇ ਗਏ ਪ੍ਰੋਗਰਾਮ ਅਨੁਸਾਰ ਪੰਜਾਬ ਰਾਜ ਵਿੱਚ ਜਿਲ੍ਹਾ ਪ੍ਰੀਸ਼ਦ/ਬਲਾਕ ਸੰਮਤੀ ਦੀਆਂ ਚੋਣਾਂ ਮਿਤੀ: 19-09-2018 ਅਤੇ ਗ੍ਰਾਮ ਪੰਚਾਇਤ ਦੀਆਂ ਚੋਣਾਂ ਮਿਤੀ: 14-10-2018 ਨੂੰ ਹੋਣੀਆਂ ਹਨ। ਇਹ ਆਮ ਵੇਖਣ ਵਿੱਚ ਆਇਆ ਹੈ ਕਿ ਚੋਣਾਂ ਦੌਰਾਨ ਲੜਾਈ-ਝਗੜੇ ਹੋਣ ਦਾ ਅੰਦੇਸ਼ਾ ਬਣਿਆ ਰਹਿੰਦਾ ਹੈ। ਚੋਣਾਂ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਸਲਾ ਧਾਰੀਆਂ ਪਾਸੋਂ ਉਨ੍ਹਾਂ ਦੇ ਅਸਲੇ ਨੂੰ ਜਮ੍ਹਾਂ ਕਰਵਾਉਣਾ ਅਤਿ ਜਰੂਰੀ ਹੈ ਤਾਂ ਜੋ ਕਿਸੇ ਕਿਸਮ ਦੀ ਅਣਹੋਣੀ ਘਟਨਾ ਨਾ ਵਾਪਰੇ।

ਇਸ ਲਈ ਮੈਂ, **ਧਰਮ ਪਾਲ ਗੁਪਤਾ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਬਰਨਾਲਾ** ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਜਿਲ੍ਹਾ ਬਰਨਾਲਾ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਜਿਲ੍ਹਾ ਬਰਨਾਲਾ ਦੇ ਸਾਰੇ ਅਸਲਾ ਲਾਇਸੰਸੀਆਂ ਨੂੰ ਆਪਣੇ-ਆਪਣੇ ਹਥਿਆਰ ਚੁੱਕ ਕੇ ਤੁਰਨ ਦੀ ਮਨਾਹੀ ਦਾ ਹੁਕਮ ਦਿੰਦਾ ਹਾਂ। ਅਸਲਾਧਾਰੀ ਆਪਣਾ-ਆਪਣਾ ਅਸਲਾ ਮਿਤੀ: 12-09-2018 ਨੂੰ ਸ਼ਾਮ 05:00 ਵਜੇ ਤੱਕ ਨੇੜੇ ਦੇ ਪੁਲਿਸ ਥਾਣਿਆਂ ਜਾਂ ਅਸਲਾ ਡੀਲਰਾਂ ਪਾਸ ਹਰ ਹਾਲਤ ਵਿੱਚ ਜਮ੍ਹਾਂ ਕਰਵਾਉਣ। ਅਸਲਾ ਮਿੱਥੇ ਸਮੇਂ ਤੇ ਜਮ੍ਹਾਂ ਨਾ ਕਰਵਾਉਣ ਦੀ ਸੂਰਤ ਵਿੱਚ ਜਾਬਤਾ ਫੌਜਦਾਰੀ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਲਾਇਸੰਸ ਰੱਦ ਕਰ ਦਿੱਤੇ ਜਾਣਗੇ।

**ਇਸ ਹੁਕਮ ਨੂੰ ਪੂਰਨ ਤੌਰ ਤੇ ਲਾਗੂ ਕਰਾਉਣ ਲਈ ਸੀਨੀਅਰ ਕਪਤਾਨ ਪੁਲਿਸ, ਬਰਨਾਲਾ ਜਿੰਮੇਵਾਰ ਹੋਣਗੇ।**

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਨ ਕੀਤਾ ਜਾਂਦਾ ਹੈ। ਇਹ ਹੁਕਮ ਜਿਲ੍ਹਾ ਲੋਕ ਸੰਪਰਕ ਅਫ਼ਸਰ, ਬਰਨਾਲਾ ਵੱਲੋਂ ਪ੍ਰਚਾਰ ਗੱਡੀ ਰਾਹੀਂ ਪ੍ਰਚਾਰ ਕਰਕੇ, ਦੂਰਦਰਸ਼ਨ/ਅਕਾਸ਼ਵਾਣੀ ਦੀਆਂ ਖਬਰਾਂ ਰਾਹੀਂ ਘੋਸ਼ਣਾ ਕਰਵਾਕੇ ਲਾਗੂ ਕੀਤਾ ਜਾਵੇਗਾ। ਇਸ ਹੁਕਮ ਦੀਆਂ ਕਾਪੀਆਂ ਪੁਲਿਸ ਸਟੇਸ਼ਨਾਂ/ਸਦਰ ਮੁਕਾਮਾਂ/ਉਪ ਮੰਡਲ ਮੈਜਿਸਟਰੇਟ/ਤਹਿਸੀਲਦਾਰ/ਡੀ.ਡੀ.ਪੀ.ਓ/ਬੀ.ਡੀ.ਪੀ.ਓਜ ਦਫਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਪੱਧਰ ਦੀਆਂ ਨੁਮਾਇਆ ਥਾਂਵਾਂ ਤੇ ਆਮ ਪਬਲਿਕ ਦੀ ਜਾਣਕਾਰੀ ਹਿੱਤ ਲਗਾਈਆਂ ਜਾਣਗੀਆਂ।

**ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ, ਜੋ ਮਿਤੀ: 15-10-2018 ਤੱਕ ਲਾਗੂ ਰਹੇਗਾ।**

ਧਰਮ ਪਾਲ ਗੁਪਤਾ, ਆਈ.ਏ.ਐਸ.
ਜਿਲ੍ਹਾ ਮੈਜਿਸਟਰੇਟ, ਬਰਨਾਲਾ।

ਪਿੱਠ ਅੰਕਣ ਨੰ 13893-13950 /ਐਮ.ਏ ਮਿਤੀ: 06/09 /2018

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਪਾਸ ਸੂਚਨਾ/ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ ਚੰਡੀਗੜ੍ਹ।
3) ਕਮਿਸ਼ਨਰ ਪਟਿਆਲਾ ਮੰਡਲ, ਪਟਿਆਲਾ।
4) ਸਕੱਤਰ, ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ, ਚੰਡੀਗੜ੍ਹ।
5) ਡੀ.ਆਈ.ਜੀ (ਸੀ.ਆਈ.ਡੀ) ਪੰਜਾਬ, ਚੰਡੀਗੜ/ਡੀ.ਆਈ.ਜੀ, ਪੁਲਿਸ ਰੇਜ ਪਟਿਆਲਾ।
6) ਜਿਲ੍ਹਾ ਮੈਜਿਸਟਰੇਟ ਫਰੀਦਕੋਟ/ਫਿਰੋਜਪੁਰ/ਲੁਧਿਆਣਾ/ਜਲੰਧਰ/ਅੰਮ੍ਰਿਤਸਰ/ਕਪੂਰਥਲਾ/ਹੁਸ਼ਿਆਰਪੁਰ/ਪਟਿਆਲਾ/ਮਾਨਸਾ/ਮੋਗਾ/ ਮੁਕਤਸਰ/ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ)/ਫਤਿਹਗੜ੍ਹ ਸਾਹਿਬ/ਸੰਗਰੂਰ/ਗੁਰਦਾਸਪੁਰ/ਫਾਜਿਲਕਾ/ਬਠਿੰਡਾ/ ਪਠਾਨਕੋਟ/ਰੂਪਨਗਰ/ਅਜੀਤਗੜ੍ਹ(ਐਸ.ਏ.ਐਸ.ਨਗਰ-ਮੋਹਾਲੀ)/ਤਰਨਤਾਰਨ।
7) ਜਿਲ੍ਹਾ ਅਤੇ ਸ਼ੈਸ਼ਨ ਜੱਜ ਬਰਨਾਲਾ।
8) ਸੀਨੀਅਰ ਕਪਤਾਨ ਪੁਲਿਸ, ਬਰਨਾਲਾ
9) ਉਪ ਮੰਡਲ ਮੈਜਿਸਟਰੇਟ, ਬਰਨਾਲਾ/ਤਪਾ।
10) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ।
11) ਜਿਲ੍ਹਾ ਅਟਾਰਨੀ (ਲੀਗਲ) ਬਰਨਾਲਾ।
12) ਜਿਲ੍ਹਾ ਮਾਲ ਅਫਸਰ ਬਰਨਾਲਾ।
13) ਤਹਿਸੀਲਦਾਰ ਚੋਣਾ, ਬਰਨਾਲਾ।
14) ਤਹਿਸੀਲਦਾਰ ਬਰਨਾਲਾ/ਤਪਾ ਅਤੇ ਨਾਇਬ ਤਹਿਸੀਲਦਾਰ ਬਰਨਾਲਾ/ਤਪਾ/ਭਦੌੜ/ਧਨੌਲਾ/ਮਹਿਲਕਲਾਂ।
15) ਡੀ.ਡੀ.ਪੀ.ਓ, ਬਰਨਾਲਾ/ਬੀ.ਡੀ.ਪੀ.ਓਜ ਬਰਨਾਲਾ/ਮਹਿਲਕਲਾਂ/ਸ਼ਹਿਣਾ।
16) ਕਾਰਜ ਸਾਧਕ ਅਫਸਰ, ਨਗਰ ਕੌਂਸਲ ਬਰਨਾਲਾ/ਧਨੌਲਾ/ਤਪਾ/ਭਦੋੜ/ਨਗਰ ਪੰਚਾਇਤ ਹੰਡਿਆਇਆ ਅਤੇ ਨਗਰ ਸੁਧਾਰ ਟਰੱਸਟ, ਬਰਨਾਲਾ।
17) ਜਿਲ੍ਹਾ ਲੋਕ ਸੰਪਰਕ ਅਫਸਰ, ਬਰਨਾਲਾ ਪਾਸ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਆਪਣੇ ਪੱਧਰ ਤੇ ਪ੍ਰੈਸ ਨੋਟ ਜਾਰੀ ਕੀਤਾ ਜਾਵੇ ਅਤੇ ਪ੍ਰਚਾਰ ਮੁਨਾਦੀ ਕਰਕੇ ਰਿਪੋਰਟ ਇਸ ਦਫ਼ਤਰ ਪਾਸ ਭੇਜੀ ਜਾਵੇ।
18) ਜਿਲ੍ਹਾ ਸਿੱਖਿਆ ਅਫਸਰ, (ਐਲੀ/ਸੰਕੈਂ), ਬਰਨਾਲਾ।
19) ਬ੍ਰਾਂਚ ਸਹਾਇਕ, ਐਲ.ਪੀ.ਏ. ਸ਼ਾਖਾ ਦਫ਼ਤਰ ਹਜਾ ਪਾਸ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿਤ।
20) ਪੀ.ਏ.ਟੂ ਡੀ.ਐਮ./ਸਟੈਨੋਂ ਟੂ ਏ.ਡੀ.ਐਮ(ਜ)/ਸਟੈਨੋਂ ਟੂ ਏ.ਸੀ (ਜ) ਬਰਨਾਲਾ ਪਾਸ ਅਫ਼ਸਰ ਸਾਹਿਬਾਨ ਦੀ ਜਾਣਕਾਰੀ ਹਿੱਤ।

ਜਿਲ੍ਹਾ ਮੈਜਿਸਟਰੇਟ
ਬਰਨਾਲਾ।